ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ,
ਪਲਾਟ ਨੰ: 1-ਬੀ, ਸੈਕਟਰ 27 - ਏ ਚੰਡੀਗੜ੍ਹ।

ਵਿਖੇ

ਮੁੱਖ ਇੰਜੀਨੀਅਰ(ਦੱਖਣ),
ਪੰਜਾਬ ਵ/ਸ ਅਤੇ ਸੀਵਰੇਜ ਬੋਰਡ,
ਬਠਿੰਡਾ।

ਨੰਬਰ-ਪਵਸਸਬ-2019/ਵ/ 1432 ਮਿਤੀ 22/1/19

ਵਿਸ਼ਾ:- **ਮਾਨਸਾ ਵਾਟਰ ਵਰਕਸ ਨਜਦੀਕ ਨਗਰ ਕੌਂਸਲ, ਮਾਨਸਾ ਵਲੋਂ ਬਣਾਏ ਜਾ ਰਹੇ ਪਾਰਕ ਵਿੱਚ ਵਾਪਰ ਜਾ ਸਕਣ ਵਾਲੀ ਘਟਨਾ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਨੂੰ ਸ੍ਰੀ ਅਨਿਲ ਜੋਨੀ, ਮਿਊਸਪਲ ਕਾਊਸਲਰ, ਵਾਰਡ ਨੰਬਰ 23, ਮਾਨਸਾ ਦਾ ਪੱਤਰ ਮਿਤੀ 18.12.2018 ਦੀ ਨਕਲ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਵਿਸ਼ੇ ਸਬੰਧੀ ਮਾਮਲੇ ਤੇ ਰਿਪੋਰਟ ਇਸ ਦਫਤਰ ਨੂੰ ਭੇਜੀ ਜਾਵੇ ।

ਨੱਥੀ/- ਉਕਤ ਅਨੁਸਾਰ

ਕਾਰਜਕਾਰੀ ਇੰਜੀਨੀਅਰ (ਕੰਮ)
ਵਾਸਤੇ ਇੰਜੀਨੀਅਰ-ਇਨ-ਚੀਫ
ਕਮ ਤਕਨੀਕੀ ਸਲਾਹਕਾਰ

____ਵਿਖੇ,

1. ਮਾਨਯੋਗ ਮੁੱਖ ਕਾਰਜਕਾਰੀ ਅਫਸਰ, ਪੰਜਾਬ ਸੀਵਰੇਜ ਅਤੇ ਸੈਨੀਟੇਸ਼ਨ ਬੋਰਡ, ਪੰਜਾਬ ਸਰਕਾਰ, ਚੰਡੀਗੜ੍ਹ।

2. ਕਾਰਜਕਾਰੀ ਇੰਜਨੀਅਰ, ਪੰਜਾਬ ਸੀਵਰੇਜ ਅਤੇ ਸੈਨੀਟੇਸ਼ਨ ਬੋਰਡ, ਮਾਨਸਾ।

ਵਿਸ਼ਾ: ਮਾਨਸਾ ਵਾਟਰ ਵਰਕਸ ਨਜਦੀਕ ਨਗਰ ਕੌਂਸਲ ਮਾਨਸਾ ਵੱਲੋਂ ਬਣਾਏ ਜਾ ਰਹੇ ਪਾਰਕ ਵਿਚ ਵਾਪਰ ਜਾ ਸਕਣ ਵਾਲੀ ਘਟਨਾ ਸਬੰਧੀ।

ਸ਼੍ਰੀਮਾਨ ਜੀ,

ਬੇਨਤੀ ਹੈ ਕਿ ਨਗਰ ਕੌਸਲ ਮਾਨਸਾ ਦੀ ਸਧਾਰਨ ਮੀਟਿੰਗ ਮਿਤੀ 14-12-2018 ਨੂੰ ਬਚਤ ਭਵਨ ਵਿੱਚ ਰੱਖੀ ਗਈ ਸੀ, ਇਸ ਉਪਰ ਕੀਤੀ ਗਈ ਕਾਰਵਾਈ ਗੈਰ-ਕਾਨੂੰਨੀ ਹੈ, ਇਹਨਾਂ ਮਤਿਆ ਲਈ ਵੱਡੇ ਪੱਧਰ ਉਪਰ ਇਤਰਾਜ਼ ਜਤਾਇਆਂ ਗਿਆ ਸੀ ਕਿਉਕਿ ਇਸ ਸਬੰਧੀ ਕੋਈ ਵੀ ਦਫਤਰੀ ਰਿਪੋਰਟ ਪੇਸ਼ ਨਹੀ ਕੀਤੀ ਗਈ ਹੈ, ਕੋਈ ਵੀ ਤਕਨੀਕੀ ਰਿਪੋਰਟ ਨਹੀ ਹੈ, ਮਤਾ ਇਹ ਮਤੇ ਤਾਂ ਸਾਰੇ ਕਾਨੂੰਨਾਂ ਦੀਆ ਧੱਜੀਆਂ ਉਡਾਕੇ ਧੱਕੇ-ਸ਼ਾਹੀ ਨਾਲ ਘਰ ਬੈਠ ਕੇ ਪਾਸ ਕੀਤਾ ਦਿਖਾਇਆ ਗਿਆ ਹੈ, ਮਤਾ ਨੰਬਰ 264 ਤਾਂ ਬਹੁਤ ਹੀ ਖਤਰਨਾਕ ਹੈ ਕਿਉਕਿ ਇਹ ਜਗ੍ਹਾ ਵਾਟਰ ਵਰਕਸ ਵਿੱਚ ਪੈਂਦੀ ਹੈ ਅਤੇ ਪਾਸ ਦੀ ਇੱਕ ਨਹਿਰ ਲੰਘਦੀ ਹੈ, ਪਾਰਕ ਬਣਨ ਨਾਲ ਇੱਥੇ ਬਹੁਤ ਗਿਣਤੀ ਵਿੱਚ ਬੱਚੇ ਆਉਣਗੇ ਜਿਸ ਨਾਲ ਨਹਿਰ, ਵਾਟਰ ਵਰਕਸ ਦੀਆ ਡੱਗੀਆ ਵਿੱਚ ਬੱਚਿਆ ਦੇ ਗਿਰਨ ਦਾ ਖਤਰਾ ਲਗਾਤਾਰ ਬਣਿਆ ਰਹੇਗਾ, ਬੱਚਿਆ ਨਾਲ ਜੇਕਰ ਕੋਈ ਹਾਦਸਾ ਹੁੰਦਾ ਹੈ ਤਾਂ ਇਸ ਦੇ ਜਾਨੀ ਨੁਕਸਾਨ ਦਾ ਜਿਮੇਵਾਰ ਕੌਣ ਹੋਵੇਗਾ ਇਸ ਬਾਰੇ ਵਿਚਾਰ ਕਰਣਾ ਅਤਿ ਜਰੂਰੀ ਹੈ, ਵਾਟਰ ਵਰਕਸ ਦੀਆ ਡੱਗੀਆ ਵਿੱਚ ਆਮ ਆਵਾਜਾਈ ਨਾਲ ਵੱਡੇ ਪੱਧਰ ਉਪਰ ਇਹ ਖਤਰਾ ਬਣਿਆ ਰਹੇਗਾ ਕਿ ਕੋਈ ਕ੍ਰਿਮੀਨਲ ਵਿਅਕਤੀ ਪਾਣੀ ਦੀਆ ਡੱਗੀਆ ਵਿੱਚ ਕੋਈ ਜਹਿਰ ਆਦਿ ਨਾ ਮਿਲਾ ਦੇਵੇ ਜਿਸ ਨਾਲ ਸਾਰੇ ਸ਼ਹਿਰ ਵਿੱਚ ਵੱਡੇ ਪੱਧਰ ਉਪਰ ਜਾਨੀ ਨੁਕਸਾਨ ਹੋ ਸਕਦਾ ਹੈ ਜਿਸ ਦਾ ਜਿਮੇਵਾਰ ਕੌਣ ਹੋਵੇਗਾ ਇਸ ਬਾਰੇ ਵਿਚਾਰ ਕਰਣਾ ਅਤਿ ਜਰੂਰੀ ਹੈ, ਵਾਟਰ ਵਰਕਸ ਦੇ ਨਿਰਮਾਣ ਹੋਏ ਨੂੰ ਅਰਸਾ ਹੋ ਚੁੱਕਾ ਹੈ, ਸ਼ਹਿਰ ਦੀ ਅਬਾਦੀ ਬਹੁੱਤ ਵੱਧ ਚੁੱਕੀ ਹੈ, ਕਿਸੇ ਵਕਤ ਵੀ ਵਾਟਰ ਵਰਕਸ ਲਈ ਨਵੀਆ ਡੱਗੀਆ ਅਤੇ ਟੈਕੀਆ ਦਾ ਨਿਰਮਾਣ ਕਰਨਾ ਪੈ ਸਕਦਾ ਹੈ, ਇਸ ਲਈ ਵਾਟਰ ਵਰਕਸ ਵਾਲੀ ਜਗ੍ਹਾ ਉਪਰ ਕਰੋੜਾ ਰੁਪੱਇਆ ਲਗਾਉਣਾ ਗਲਤ ਕਦਮ ਹੋਵੇਗਾ ਅਤੇ ਵੱਡੇ ਪੱਧਰ ਉਪਰ ਸ਼ਹਿਰ ਨਿਵਾਸੀਆ, ਬੱਚਿਆ ਦੇ ਜਾਨੀ ਨੁਕਸਾਨ ਦਾ ਕਾਰਣ ਬਣੇਗਾ। ਸੋ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਬਾਰੇ ਪਹਿਲਾ ਵੱਡੇ ਪੱਧਰ ਦੀ ਮੀਟਿੰਗ ਕਰਕੇ ਖਰੜਾ ਤਿਆਰ ਕੀਤਾ ਜਾਵੇ ਕਿ ਇਸ ਪਾਰਕ ਬਨਣ ਨਾਲ ਜੇਕਰ ਕੋਈ ਜਾਨੀ ਨੁਕਸਾਨ ਹੁੰਦਾ ਹੈ ਤਾਂ ਉਸਦਾ ਜਿੰਮੇਵਾਰ ਕੌਣ ਹੋਵੇਗਾ।

ਧੰਨਵਾਦ ਸਹਿਤ।

ਮਿਤੀ:- 18.12.2018

Anil

ਅਨਿਲ ਜੋਸ਼ੀ ਐਮ. ਸੀ